## ਸ਼ਿਵ ਕੁਮਾਰ ਬਟਾਲਵੀ

ਸ਼ਿਵ ਕੁਮਾਰ ਪੰਜਾਬੀ ਕਵਿਤਾ ਦਾ ਇਕ ਵਿਸ਼ੇਸ਼ ਹਸਤਾਖ਼ਰ (ਨਾਮ) ਹੈ। ਆਧੁਨਿਕ ਪੰਜਾਬੀ ਕਵਿਤਾ ਦਾ ਸ਼ਾਇਦ ਹੀ ਕੋਈ ਹੋਰ ਦੂਜਾ ਕਵੀ ਹੋਵੇ, ਜਿਸਨੂੰ ਐਨੀ ਲੋਕਪ੍ਰਿਯਤਾ ਹਾਸਿਲ ਹੋਈ ਹੋਵੇ। ਸ਼ਿਵ ਕੁਮਾਰ ਦਾ ਜਨਮ 6 ਅਕਤੂਬਰ, 1937 ਈ. ਨੂੰ ਪਿੰਡ ਲੋਹਟੀਆਂ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਚ ਪੰਡਿਤ ਕ੍ਰਿਸ਼ਨ ਗੋਪਾਲ ਦੇ ਘਰ ਹੋਇਆ। ਆਪ ਦੀ ਮਾਤਾ ਦਾ ਨਾਂ ਸ਼ਾਂਤੀ ਦੇਵੀ ਸੀ। ਪ੍ਰਾਇਮਰੀ ਤੱਕ ਵਿੱਦਿਆ ਪਿੰਡ ਦੇ ਸਕੂਲ ਵਿਚ ਪ੍ਰਾਪਤ ਕਰਨ ਉਪਰੰਤ ਆਪ ਨੇ ਆਰਮੀ ਹਾਈ ਸਕੂਲ ਬਟਾਲਾ ਤੋਂ ਮੈਟ੍ਰਿਕ ਦੀ ਪਰੀਖਿਆ ਪਾਸ ਕੀਤੀ ਅਤੇ ਉੱਚ ਵਿੱਦਿਆ ਲਈ ਕ੍ਰਿਸ਼ਚਨ ਕਾਲਜ ਬਟਾਲਾ ਵਿਚ ਦਾਖ਼ਲ ਹੋਇਆ, ਪਰ ਪੜ੍ਹਾਈ ਵਿਚ ਹੀ ਛੱਡ ਕੇ ਓਵਰ ਸੀਅਰ ਦਾ ਕੋਰਸ ਕਰਨ ਲੱਗ ਪਿਆ। ਪਰ ਇੱਥੇ ਵੀ ਪੜ੍ਹਾਈ ਵਿਚ ਹੀ ਛੱਡਣੀ ਪਈ ਅਤੇ ਪਟਵਾਰੀ ਦੀ ਨੌਕਰੀ ਕਰ ਲਈ। ਪਰ ਇਸ ਅਣਇੱਛਤ ਕੰਮ ਵਿਚ ਵੀ ਉਸਦਾ ਜੀਅ ਨਾ ਲੱਗਾ ਇਸ ਕਰਕੇ ਨੌਕਰੀ ਛੱਡ ਦਿੱਤੀ। ਇਸ ਦੌਰਾਨ ਕਾਵਿ-ਰਚਨਾ ਦਾ ਕੰਮ ਜਾਰੀ ਰੱਖਿਆ। ਆਪ ਦੀ ਕਾਵਿ ਪ੍ਰਤਿਭਾ ਨੂੰ ਦੇਖਦਿਆਂ ਸਟੇਟ ਬੈਂਕ ਆਫ਼ ਇੰਡੀਆ ਵਿਚ ਆਪ ਨੂੰ ਨੌਕਰੀ ਮਿਲ ਗਈ। 6 ਮਈ, 1973 ਈ. ਨੂੰ ਆਪ ਦਾ ਦੇਹਾਂਤ ਹੋ ਗਿਆ।

### ਰਚਨਾਵਾਂ ਦਾ ਵੇਰਵਾ

ਪੀੜਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆ ਚਿੜੀਆਂ, ਮੈਨੂੰ ਵਿਦਾ ਕਰੋ, ਦਰਦਮੰਦਾਂ ਦੀਆਂ ਆਹੀਂ, ਬਿਰਹਾ ਤੂੰ ਸੁਲਤਾਨ, ਲੂਣਾ, ਮੈਂ ਤੇ ਮੈਂ, ਆਰਤੀ, ਅਲਵਿਦਾ ਆਦਿ। ਆਪ ਦੀ ਪੁਸਤਕ 'ਲੂਣਾ' ਲਈ ਆਪ ਨੂੰ ਭਾਰਤੀ ਸਾਹਿਤ ਅਕੈਡਮੀ ਦਾ ਸਨਮਾਨ ਵੀ ਪ੍ਰਾਪਤ ਹੋ ਚੁੱਕਾ ਹੈ।

### ਯੋਗਦਾਨ

ਸ਼ਿਵ ਕੁਮਾਰ ਦੀ ਕਵਿਤਾ ਦਾ ਅਧਿਐਨ ਕਰਨ ਉਪਰੰਤ ਅਸੀਂ ਉਸਨੂੰ ਰੁਮਾਂਸਵਾਦੀ ਪ੍ਰਵਿਰਤੀ ਦਾ ਕਵੀ ਕਹਿ ਸਕਦੇ ਹਾਂ। ਉਸਦੀ ਕਵਿਤਾ ਦਾ ਕੇਂਦਰੀ ਤੱਤ ਬਿਰਹਾ ਹੈ ਅਤੇ ਬਿਰਹਾ ਦੁਆਲੇ ਹੀ ਉਸਦੀ ਸਮੁੱਚੀ ਕਵਿਤਾ ਘੁੰਮਦੀ ਹੈ। ਇਸ ਕਰਕੇ ਉਸਨੂੰ ਬਿਰਹਾ ਦੇ ਕਵੀ ਵਜੋਂ ਜਾਣਿਆ ਜਾਂਦਾ ਹੈ। ਪਿਆਰ ਅਪ੍ਰਾਪਤੀ ਤੋਂ ਉਪਜੀ ਵੇਦਨਾ, ਪੀੜ, ਗ਼ਮ ਤੇ ਨਿਰਾਸ਼ਾ ਉਸਦੀ ਕਵਿਤਾ ਵਿਚ ਪੇਸ਼ ਹੋਈ ਹੈ। ਸ਼ਿਵ ਕੁਮਾਰ ਬਿਰਹਾ ਨਾਲ ਆਪਣੇ ਆਪ ਨੂੰ ਇਸ ਤਰ੍ਹਾਂ ਇਕਮਿਕ ਕਰ ਲੈਂਦਾ ਹੈ ਕਿ ਬਿਰਹਾ ਭਾਵਨਾ ਹੀ ਉਸਦੀ ਆਤਮ ਪਛਾਣ ਬਣ ਜਾਂਦੀ ਹੈ। ਉਸ ਅਨੁਸਾਰ ਬਿਰਹਾ ਮਨੁੱਖ ਦੀ ਅਸਤਿਤਵੀ ਹੋਂਦ ਦਾ ਅਨਿੱਖੜ ਅੰਗ ਹੈ। ਇਸ ਕਰਕੇ ਉਹ ਕਹਿੰਦਾ ਹੈ,

*ਸਾਡੇ ਪੋਤੜਿਆਂ ਵਿਚ ਬਿਰਹਾ ਰੱਖਿਆ ਸਾਡੀਆਂ ਮਾਵਾਂ।*

ਬਿਰਹਾ ਭਾਵਨਾ ਨੂੰ ਪ੍ਰਵਾਨ ਕਰਨ ਕਾਰਨ ਹੀ ਸ਼ਿਵ ਕੁਮਾਰ ਬਿਰਹਾ ਨੂੰ ਰੱਬ ਵਾਂਗ ਪੂਜਦਾ ਨਜ਼ਰ ਆਉਂਦਾ ਹੈ। ਇਸ ਕਰਕੇ ਉਹ ਲਿਖਦਾ ਹੈ :

*ਏਕੀਂ ਪੁਸ਼ਤ ਰੱਬ ਮੈਂ ਤੇਰਾ ਬਿਰਹੜਾ,*
*ਮਾਨੂੰ ਮੈਂ ਮੱਕਿਆਂ ਦਾ ਹੱਜ ਵੇ ਤੇਰਾ ਬਿਰਹੜਾ।*

ਸ਼ਿਵ ਕੁਮਾਰ ਅਨੁਸਾਰ ਮਨੁੱਖ ਦੀ ਹੋਣੀ ਬਿਰਹਾ ਨੂੰ ਪ੍ਰਵਾਨ ਕਰਨ ਅਤੇ ਬਿਰਹਾ ਭੋਗਦਿਆਂ ਖ਼ਤਮ ਹੋ ਜਾਣਾ ਵਿਚ ਹੀ ਹੈ। ਉਸ ਅਨੁਸਾਰ ਬਿਰਹਾ ਦੇ ਵਿਜੋਗ ਨੂੰ ਭੋਗਣ ਵਾਲਾ ਮਨੁੱਖ ਅਤੇ ਵਿਜੋਗ ਰਾਹੀਂ ਮੌਤ ਪ੍ਰਾਪਤ ਕਰਨ ਵਾਲਾ ਮਨੁੱਖ ਉੱਤਮ ਤੇ ਸ੍ਰੇਸ਼ਠ ਪਦਵੀ ਰੱਖਦਾ ਹੈ। ਇਸੇ ਕਰਕੇ ਉਸਦੀ ਵੀ ਕਾਮਨਾ ਹੈ ਕਿ,

*ਅਸਾਂ ਤਾਂ ਜੋਬਨ ਰੁੱਤੇ ਮਰਨਾ,*
*ਤੁਰ ਜਾਣਾ ਅਸੀਂ ਭਰੇ ਭਰਾਏ,*
*ਹਿਜ਼ਰ ਤੇਰੇ ਦੀ ਕਰ ਪਰਕਰਮਾ।*
*ਜੋਬਨ ਰੁੱਤੇ ਜੋ ਵੀ ਮਰਦਾ ਫੁੱਲ ਬਣੇ ਜਾਂ ਤਾਰਾ,*
*ਜੋਬਨ ਰੁੱਤੇ ਆਸ਼ਕ ਮਰਦੇ ਜਾਂ ਕੋਈ ਕਰਮਾਂ ਵਾਲਾ,*
*ਜਾਂ ਉਹ ਮਰਨ ਜਿਨ੍ਹਾਂ ਲਿਖਾਏ ਹਿਜ਼ਰ ਧੁਰੋਂ ਵਿਚ ਕਰਮਾਂ।*

ਸ਼ਿਵ ਕੁਮਾਰ ਦੀ ਸਮੁੱਚੀ ਕਵਿਤਾ ਵਿਚ ਤ੍ਰਿਸ਼ਨਾ (ਇੱਛਾ) ਅਤੇ ਤ੍ਰਿਪਤੀ ਦਾ ਜਾਂ ਪ੍ਰਾਪਤੀ ਅਤੇ ਅਪ੍ਰਾਪਤੀ ਦਾ ਤਣਾਉ ਨਜ਼ਰ ਆਉਂਦਾ ਹੈ। ਸਾਡੇ ਵਰਜਨਾ ਭਰੇ ਸਮਾਜ ਵਿਚ ਮਨੁੱਖ ਦੀਆਂ ਸੁਤੰਤਰ ਪਿਆਰ ਇੱਛਾਵਾਂ ਉੱਤੇ ਭਾਂਤ-ਭਾਂਤ ਦੀਆਂ ਸਮਾਜਿਕ ਮਰਿਆਦਾਵਾਂ ਦੀਆਂ ਰੋਕਾਂ ਲੱਗੀਆਂ ਹੋਈਆਂ ਹਨ। ਜਿਸ ਕਰਕੇ ਸੁਤੰਤਰ ਪਿਆਰ ਪ੍ਰਾਪਤੀ ਮਨੁੱਖ ਦੇ ਹਿੱਸੇ ਨਹੀਂ ਆਈ। ਇਸੇ ਕਰਕੇ ਸ਼ਿਵ ਕੁਮਾਰ ਵਰਗਾ ਕਵੀ ਅਤ੍ਰਿਪਤ ਆਤਮਾ ਦੀ ਅਰਥਹੀਣਤਾ ਦਾ ਅਹਿਸਾਸ ਭੋਗਦਾ ਹੈ ਅਤੇ ਆਪਣੀ ਹੋਂਦ ਦੀ ਨਿਰਾਰਥਕਤਾ ਨੂੰ ਪ੍ਰਗਟ ਕਰਦਾ ਹੈ। ਅਜਿਹੇ ਅਨੁਭਵ ਨਾਲ ਸੰਬੰਧਿਤ ਉਸਦੀ ਕਵਿਤਾ 'ਕੰਡਿਆਲੀ ਥੋਰ' ਪੜ੍ਹਨਯੋਗ ਹੈ, ਜਿਸ ਵਿਚ ਵਿਭਿੰਨ ਨਿਰਾਰਥਕ ਵਸਤਾਂ ਜਿਵੇਂ ਕੰਡਿਆਲੀ ਥੋਰ, ਆਵਾਜ਼ਹੀਣੀ ਕੋਇਲ, ਵਿਆਰਥ ਵਗ ਰਹੀ ਬੱਦਲੀ, ਆਦਿ ਨਿਰਾਰਥਕ ਹੋਂਦ ਦੀਆਂ ਸੂਚਕ ਹਨ।

*ਸ਼ਿਵ ਕੁਮਾਰ ਦੀ ਕਵਿਤਾ ਵਿਚ ਭਾਵੇਂ ਬਹੁਤੀ ਵਾਰੇ ਪਿਆਰ ਦੇ ਵਿਜੋਗੀ ਪੱਖ ਦਾ ਨਿਰਾਸ਼ਾਮਈ ਚਿਤਰਨ ਹੀ ਹੋਇਆ ਹੈ ਫਿਰ ਵੀ ਕਿਤੇ-ਕਿਤੇ ਉਹ ਪਿਆਰ ਅਸਫਲਤਾ ਦੇ ਸਮਾਜਿਕ ਕਾਰਨਾਂ ਵੱਲ ਵੀ ਸੰਕੇਤ ਕਰਦਾ ਨਜ਼ਰ ਆਉਂਦਾ ਹੈ ਜਿਵੇਂ ਨਿਮਨਲਿਖਤ ਸਤਰਾਂ ਵਿਚ ਉਹ ਸਮੱਸਿਆ ਦੇ ਆਰਥਿਕ ਕਾਰਨਾਂ ਵੱਲ ਸੰਕੇਤ ਕਰ ਰਿਹਾ ਹੈ :*

*ਮੈਂ ਰਾਜੇ ਦੀ ਬਰਦੀ ਅੜਿਆ,*
*ਤੂੰ ਰਾਜੇ ਦਾ ਜਾਇਆ।*
*ਤੂੰਹੀਓ ਦੱਸ ਵੇ ਮੋਹਰਾਂ ਸਾਵੇਂ,*
*ਮੁੱਲ ਕੀ ਖੋਟੇ ਪੈਸੇ।*

ਸ਼ਿਵ ਕੁਮਾਰ ਦੀ ਕਵਿਤਾ ਜਿੱਥੇ ਭਾਵ ਪੱਖੋਂ ਮਹੱਤਵਪੂਰਨ ਕਹੀ ਜਾ ਸਕਦੀ ਹੈ, ਉੱਥੇ ਆਪਣੀ ਰੂਪਗਤ ਵਿਸ਼ੇਸ਼ਤਾ ਕਾਰਨ ਵੀ ਮਹੱਤਵ ਰੱਖਦੀ ਹੈ। ਸ਼ਿਵ ਕੁਮਾਰ ਦੀ ਕਵਿਤਾ ਵਿਚ ਭਾਵੇਂ ਕਈ ਥਾਈਂ ਭਾਵ ਜਾਂ ਵਿਚਾਰ ਦੀ ਕੋਈ ਨਵੀਨਤਾ ਨਹੀਂ ਹੁੰਦੀ, ਫਿਰ ਵੀ ਉਸ ਦੁਆਰਾ ਰਚੇ ਗਏ ਬਿੰਬਾਂ ਨੂੰ ਪਾਠਕੀ ਹੁੰਗਾਰਾ ਆਪਣੇ ਆਪ ਮਿਲ ਜਾਂਦਾ ਹੈ। ਇਸੇ ਕਰਕੇ ਡਾ. ਅਤਰ ਸਿੰਘ ਕਹਿੰਦੇ ਹਨ ਕਿ,

> *''ਸ਼ੋਕ ਮਨ ਨੂੰ ਸਾਕਾਰ ਕਰਨ ਦੇ ਨਾਲ-ਨਾਲ ਸ਼ਿਵ ਦੀ ਵੱਡੀ ਕਰਾਮਾਤ ਪੰਜਾਬ ਦੇ ਅਸੰਖਾਂ ਦਰਸ਼ਨਾਂ ਨੂੰ ਬਿੰਬਾਂ ਵਿਚ ਢਾਲਣਾ ਹੈ।''*

ਸ਼ਿਵ ਕੁਮਾਰ ਦੇ ਬਿੰਬ ਦੀ ਵਡਿਆਈ ਇਹ ਹੈ ਕਿ ਉਹ ਪੰਜਾਬ ਦੀ ਮਿੱਟੀ ਦੀ ਸੁਗੰਧ ਨਾਲ ਓਤ-ਪੋਤ ਹਨ। ਉਹ ਆਪਣੀ ਕਵਿਤਾ ਵਿਚ ਅਕਸਰ ਦੋ ਤਰ੍ਹਾਂ ਦੇ ਬਿੰਬਾਂ ਨੂੰ ਵਿਰੋਧ ਵਜੋਂ ਪੇਸ਼ ਕਰਦਾ ਹੈ। ਜਿਵੇਂ ਫੁੱਲ-ਮਹਿਕ, ਹਨੇਰੀ ਰਾਤ, ਤਪਦੀ ਭੱਠੀ, ਜੰਗਲ ਬੀਆਬਾਨ, ਮਹਿਲ-ਚੁਬਾਰੇ ਆਦਿ ਅਨੇਕਾਂ ਪੰਜਾਬੀ ਜੀਵਨ ਨਾਲ ਸੰਬੰਧਿਤ ਬਿੰਬ ਸ਼ਿਵ ਕੁਮਾਰ ਦੀ ਕਵਿਤਾ ਵਿਚ ਮਿਲ ਜਾਂਦੇ ਹਨ।

ਸ਼ਿਵ ਨੇ ਭਾਂਤ-ਸੁਭਾਂਤੀ ਅਲੰਕਾਰਾਂ ਦੀ ਵਰਤੋਂ ਨਾਲ ਆਪਣੀ ਕਵਿਤਾ ਨੂੰ ਸਜਾਇਆ ਹੈ। ਅਨੇਕ ਤਰ੍ਹਾਂ ਦੇ ਅਲੰਕਾਰ ਉਸਦੀ ਕਵਿਤਾ ਵਿਚ ਹੀਰਿਆਂ ਵਾਂਗ ਜੜੇ ਨਜ਼ਰ ਆਉਂਦੇ ਹਨ। ਕੁਝ ਕੁ ਮਿਸਾਲਾਂ ਦੇਖੋ :

**(ੳ) ਉਪਮਾ ਅਲੰਕਾਰ :-**

*ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ।*

**(ਅ) ਰੂਪਕ ਅਲੰਕਾਰ :-**

*ਮੈਂ ਕੰਡਿਆਲੀ ਥੋਰ ਵੇ ਸੱਜਣਾ।*

**(ੲ) ਅਤਿਕਥਨੀ ਅਲੰਕਾਰ :-**

*ਮੇਰੇ ਰੋਮ-ਰੋਮ ਜਗੇ ਦਾਗ਼ ਵੇ ਮੇਰੇ ਹਾਣੀਆਂ*
*ਜਿਵੇਂ ਮੱਸਿਆ ਵਿਚ ਚਿਰਾਗ਼ ਵੇ ਮੇਰੇ ਹਾਣੀਆਂ।*

ਸ਼ਿਵ ਕੁਮਾਰ ਨੇ ਆਪਣੀ ਕਵਿਤਾ ਵਿਚ ਰਵਾਇਤੀ ਛੰਦਾਂ ਦੇ ਨਾਲ-ਨਾਲ ਨਵੀਨ ਛੰਦਾਂ ਦੀ ਬੜੀ ਸੂਝ-ਬੂਝ ਨਾਲ ਵਰਤੋਂ ਕੀਤੀ ਹੈ। ਦਵੱਈਆ, ਬੈਂਤ, ਦੋਹਰਾ, ਸਿਰਖੰਡੀ ਉਸਦੇ ਮਨਪਸੰਦ ਛੰਦ ਹਨ। ਸ਼ਿਵ ਕੁਮਾਰ ਨੇ ਆਪਣੀ ਕਵਿਤਾ ਦੇ ਪ੍ਰਗਟਾਵੇ ਲਈ ਭਾਂਤ-ਸੁਭਾਂਤੇ ਕਾਵਿ-ਰੂਪਾਂ ਜਿਵੇਂ ਗ਼ਜ਼ਲ, ਗੀਤ, ਖੁੱਲ੍ਹੀ ਕਵਿਤਾ, ਮਹਾਂਕਾਵਿ (ਕਾਵਿ-ਨਾਟ) ਆਦਿ ਦੀ ਵਰਤੋਂ ਕੀਤੀ ਹੈ। ਪਰੰਤੂ ਗੀਤ ਉਸਦਾ ਮਨਪਸੰਦ ਕਾਵਿ ਰੂਪ ਹੈ।

ਸ਼ਿਵ ਕੁਮਾਰ ਦੀ ਕਾਵਿ-ਭਾਸ਼ਾ ਮੁੱਖ ਰੂਪ ਵਿਚ ਕੇਂਦਰੀ ਪੰਜਾਬੀ ਹੈ। ਪਰੰਤੂ ਮਾਝੇ ਦੇ ਇਲਾਕੇ ਦਾ ਸੰਪਰਕ ਹੋਣ ਕਾਰਨ ਮੁਤਾਬਕ ਹੀ ਉਹ ਮਾਝੀ ਸ਼ਬਦਾਂ ਦੀ ਵਰਤੋਂ ਵਧੇਰੇ ਕਰਦਾ ਹੈ। ਮੁੱਖ ਰੂਪ ਵਿਚ ਉਸਨੇ ਠੇਠ ਪੰਜਾਬੀ ਦੇ ਸ਼ਬਦਾਂ ਦੀ ਵਰਤੋਂ ਹੀ ਕੀਤੀ ਹੈ। ਕਿਤੇ-ਕਿਤੇ ਅਰਬੀ/ਫ਼ਾਰਸੀ ਅਤੇ ਹਿੰਦੀ ਦੇ ਸ਼ਬਦਾਂ ਨੂੰ ਵੀ ਲੋੜ ਅਨੁਸਾਰ ਵਰਤ ਲੈਂਦਾ ਹੈ।

ਉਪਰੋਕਤ ਵਿਸ਼ਲੇਸ਼ਣ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਸ਼ਿਵ ਕੁਮਾਰ ਪੰਜਾਬੀ ਦਾ ਅਜਿਹਾ ਕਵੀ ਹੈ, ਜਿਸਨੇ ਆਪਣੀ ਕਵਿਤਾ ਵਿਚ ਭਾਵਾਂ ਦੀ ਤੀਬਰਤਾ ਨੂੰ ਬੜੇ ਕਲਾਤਮਕ ਢੰਗ ਨਾਲ ਪੇਸ਼ ਕੀਤਾ। ਇਸੇ ਕਰਕੇ ਉਹ ਪੰਜਾਬੀ ਪਾਠਕਾਂ ਵਿਚ ਬੜਾ ਹਰਮਨ-ਪਿਆਰਾ ਹੋਇਆ ਹੈ। ਨਿਰਸੰਦੇਹ ਪੰਜਾਬੀ ਕਾਵਿ-ਜਗਤ ਵਿਚ ਸ਼ਿਵ ਕੁਮਾਰ ਦਾ ਨਾਂ ਵਿਸ਼ੇਸ਼ ਸਥਾਨ ਰੱਖਦਾ ਹੈ।